## ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
## ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ./2011/7101-7120
ਮਿਤੀ ਚੰਡੀਗੜ੍ਹ 28.01.2011

**ਵਿਸ਼ਾ:- ਫਰਵਰੀ ਮਹੀਨੇ ਪ੍ਰਾਪਤ ਕੀਤੇ ਜਾਣ ਵਾਲੇ ਟੀਚਿਆਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਿੱਖਿਆ ਅੰਦਰ ਗੁਣਵੱਤਾ ਸੁਧਾਰ ਪੱਖੋਂ ਪੜ੍ਹੋ ਪੰਜਾਬ ਪ੍ਰੋਗਰਾਮ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਕੂਲਾਂ ਅੰਦਰ ਚਲਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਆਪ ਜੀ ਨਾਲ ਹੋਣ ਵਾਲੀਆਂ ਮਹੀਨਾਵਾਰ ਰਿਵਿਊ ਮੀਟਿੰਗਾਂ ਦੌਰਾਨ ਪੜ੍ਹੋ ਪੰਜਾਬ ਦੇ ਏਜੰਡੇ ਨੂੰ ਬੱਚਿਆਂ ਦੀ ਪ੍ਰਗਤੀ ਬਾਰੇ ਵਿਚਾਰਿਆ ਜਾਂਦਾ ਹੈ। ਆਪ ਜੀ ਨੂੰ ਫਰਵਰੀ ਮਹੀਨੇ ਦਾ ਗਣਿਤ, ਪੰਜਾਬੀ ਅਤੇ ਅੰਗਰੇਜ਼ੀ ਵਿਸ਼ੇ ਦਾ ਟੀਚਾ ਅਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਏਜੰਡਾ ਭੇਜਿਆ ਜਾ ਰਿਹਾ ਹੈ। ਇਸ ਨੂੰ ਹਰੇਕ ਸਕੂਲਾਂ ਅੰਦਰ ਪਹੁੰਚਾਉਣਾ ਅਤੇ ਇਸ ਅਨੁਸਾਰ ਕੰਮ ਕਰਵਾਉਣਾ ਆਪ ਜੀ ਦੀ ਜ਼ਿੰਮੇਵਾਰੀ ਹੋਵੇਗੀ।

3.0 ਗਣਿਤ ਦਾ ਟੀਚਾ ਅਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ :-

3.1 ਪਹਿਲੀ ਜਮਾਤ ਦੇ ਸਾਰੇ ਬੱਚੇ ਸੰਖਿਆ ਪਹਿਚਾਣ ਕਰ ਸਕਦੇ ਹੋਣ, 100% ਬੱਚੇ 1 ਅੰਕੀ ਜੋੜ ਦੇ ਸਵਾਲ 75% ਬੱਚੇ ਘਟਾਓ ਦੇ ਸਵਾਲ, 50% ਬੱਚੇ ਗੁਣਾ ਦੇ ਸਵਾਲ, ਗਿਣਤੀ 100 ਤੱਕ ਅਤੇ 5 ਤੱਕ ਪਹਾੜੇ (ਸਮੇਤ ਟੋਕਵੇਂ) 100% ਬੱਚਿਆਂ ਨੂੰ ਯਾਦ ਹੋਣ।
3.2 ਜਮਾਤ ਦੂਸਰੀ ਦੇ ਸਾਰੇ ਬੱਚੇ ਦੋ ਅੰਕੀ ਜੋੜ ਅਤੇ ਘਟਾਓ ਦੇ ਸਵਾਲ (ਹਾਸਲ ਵਾਲੇ) ਕਰ ਸਕਦੇ ਹੋਣ, 75% ਬੱਚੇ ਗੁਣਾ ਦੇ ਸਵਾਲ, 50% ਬੱਚੇ ਭਾਗ ਦੇ ਸਵਾਲ ਕਰ ਸਕਦੇ ਹੋਣ। 10 ਤੱਕ ਪਹਾੜੇ (ਸਮੇਤ ਟੋਕਵੇਂ) 100% ਬੱਚਿਆਂ ਨੂੰ ਯਾਦ ਹੋਣ।
3.3 ਤੀਸਰੀ ਜਮਾਤ ਦੇ ਸਾਰੇ ਬੱਚੇ ਜੋੜ, ਘਟਾਓ ਅਤੇ ਗੁਣਾ 3 ਅੰਕਾਂ ਨੂੰ 2 ਅੰਕ ਨਾਲ 100% ਬੱਚੇ ਕਰ ਸਕਦੇ ਹੋਣ। 100% ਬੱਚੇ 3 ਅੰਕਾਂ ਨੂੰ 1 ਅੰਕ ਨਾਲ, ਤਿੰਨ ਅੰਕਾਂ ਨੂੰ ਦੋ ਅੰਕਾਂ, ਭਾਗ ਦੇ ਸਵਾਲ ਕਰ ਸਕਦੇ ਹੋਣ ਅਤੇ 15 ਤੱਕ ਪਹਾੜੇ (ਸਮੇਤ ਟੋਕਵੇਂ) 100% ਬੱਚਿਆਂ ਨੂੰ ਯਾਦ ਹੋਣ।
3.4 ਚੌਥੀ ਅਤੇ ਪੰਜਵੀਂ ਜਮਾਤ ਦੇ 100% ਬੱਚਿਆਂ ਨੂੰ ਹਾਸਲ ਵਾਲਾ ਜੋੜ-ਘਟਾਓ, ਤਿੰਨ ਅੰਕਾਂ ਨੂੰ ਇਕ ਅੰਕ ਨਾਲ, ਤਿੰਨ ਅੰਕਾਂ ਨੂੰ ਦੋ ਅੰਕਾਂ ਨਾਲ, ਤਿੰਨ ਅੰਕਾਂ ਨੂੰ ਤਿੰਨ ਅੰਕਾਂ ਨਾਲ ਗੁਣਾ ਅਤੇ ਤਿੰਨ ਅੰਕਾਂ ਨੂੰ ਇਕ ਅੰਕ ਨਾਲ ਭਾਗ, ਤਿੰਨ ਅੰਕਾਂ ਨੂੰ ਦੋ ਅੰਕਾਂ ਨਾਲ, ਤਿੰਨ ਅੰਕਾਂ ਨੂੰ ਤਿੰਨ ਅੰਕਾਂ ਨਾਲ ਭਾਗ ਕਰ ਸਕਦੇ ਹੋਣ ਅਤੇ ਜਮਾਤ ਚੌਥੀ ਅਤੇ ਪੰਜਵੀਂ ਦੇ ਹਰੇਕ ਬੱਚੇ ਨੂੰ 20 ਤੱਕ ਪਹਾੜੇ (ਸਮੇਤ ਟੋਕਵੇਂ) ਯਾਦ ਹੋਣ। ਸਿਲੇਬਸ ਵਿਚ ਆਪਣੇ ਸਾਰੇ ਟੀਚੇ ਪੂਰੇ ਕੀਤੇ ਹੋਣੇ ਚਾਹੀਦੇ ਹਨ ।

ਨੋਟ: ਟੋਕਵੇਂ ਪਹਾੜਿਆਂ ਲਈ ਬੱਚਿਆਂ ਨੂੰ ਪਹਾੜਾਂ ਸੁਣਾਉਣ ਵਿਚ ਕੋਈ ਵਾਧੂ ਸਮਾਂ ਨਹੀਂ ਹੋਵੇਗਾ।

**4.0 ਗਣਿਤ ਦਾ ਟੀਚਾ ਪ੍ਰਾਪਤ ਕਰਨ ਲਈ ਅਧਿਆਪਕਾਂ ਵੱਲੋਂ ਹਰ ਰੋਜ਼ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣ :-**

4.1 ਬੰਡਲ ਤੀਲੀ ਰਾਹੀਂ ਬੱਚਿਆਂ ਅੰਕ ਪਹਿਚਾਣ ਕਰਵਾਈ ਜਾਵੇ।

4.2 ਬੰਡਲ ਤੀਲੀ ਰਾਹੀਂ ਬੱਚਿਆਂ ਨੂੰ ਸਥਾਨਕ ਮੁੱਲ ਦਾ ਗਿਆਨ ਕਰਵਾਇਆ ਜਾਵੇ।

4.3 ਬੰਡਲ ਤੀਲੀ ਰਾਹੀਂ ਬੱਚਿਆਂ ਨੂੰ ਜੋੜ ਘਟਾਓ ਕਰਵਾਇਆ ਜਾਵੇ।

4.4 ਸਾਲ 2010 ਦੀ ਨਵੀਂ ਆਈ ਸਿੱਖਣ ਸਮੱਗਰੀ ਵਿਚੋਂ ਗਿਣਤੀ ਕਾਰਡ, ਗਿਣਤੀ ਸ਼ਬਦ ਕਾਰਡ, ਨੌਂ ਦਾ ਪਰਿਵਾਰ ਅਤੇ ਦਸ ਦਾ ਘਰ ਆਦਿ ਕਾਰਡਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਅਤੇ ਬੱਚਿਆਂ ਨੂੰ ਗਤੀਵਿਧੀਆਂ ਕਰਵਾਈਆਂ ਜਾਣ।

4.5 ਗਣਿਤ ਪਿਟਾਰਾ-1 ਅਤੇ ਗਣਿਤ ਪਿਟਾਰਾ-2 ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।

4.6 ਆਓ ਸੋਚੀਏ, ਆਓ ਖੇਡੀਏ ਅਤੇ ਕਮਾਲ ਦੀ ਗਤੀਵਿਧੀਆਂ ਵੱਧ ਤੋਂ ਵੱਧ ਕਰਵਾਈਆਂ ਜਾਣ।

4.7 ਪਾਠਕ੍ਰਮ ਮਹਿਲ ਵਿੱਚ ਸਿਲੇਬਸ ਕਰਵਾਉਣ ਤੋਂ ਪਹਿਲਾ ਹਰ ਰੋਜ਼ ਪੰਜ ਪੰਜ ਸਵਾਲ ਜੋੜ, ਘਟਾਓ, ਗੁਣਾਂ, ਭਾਗ ਦੇ ਜ਼ਰੂਰ ਕਰਵਾਏ ਜਾਣ।

4.8 ਹਰੇਕ ਜਮਾਤ ਵਿੱਚ ਬੱਚਿਆਂ ਤੋਂ ਟੀਚਿਆਂ ਅਨੁਸਾਰ ਟੋਕਵੇਂ ਪਹਾੜੇ ਜ਼ਰੂਰ ਸੁਣੇ ਜਾਣ।

5.0 ਪੰਜਾਬੀ ਦਾ ਟੀਚਾ ਅਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ :-

5.1 **ਜਮਾਤ ਪਹਿਲੀ ਦੇ ਸਾਰੇ ਬੱਚੇ ਅੱਖਰ ਪੜ੍ਹ ਅਤੇ ਲਿਖ ਸਕਦੇ ਹੋਣ ਅਤੇ 100% ਸ਼ਬਦ ਪੜ੍ਹ ਸਕਦੇ ਹੋਣ ਅਤੇ ਮਾਤਰਾਵਾਂ ਦੀ ਮੁਹਾਰਨੀ ਅਨੁਸਾਰ ਧੁਨੀ ਦਾ ਪਤਾ ਹੋਵੇ। 100% ਬੱਚੇ ਮਾਤਰਾ ਤੋਂ ਬਿਨ੍ਹਾਂ ਸ਼ਬਦ ਲਿਖ ਸਕਦੇ ਹੋਣ।**

5.2 **ਜਮਾਤ ਦੂਸਰੀ ਦੇ ਸਾਰੇ ਬੱਚੇ ਮਾਤਰਾਵਾਂ ਵਾਲੇ ਸ਼ਬਦ ਪੜ੍ਹ ਲਿਖ ਸਕਦੇ ਹੋਣ। 100% ਪੈਰ੍ਹਾ, 50% ਬੱਚੇ ਕਹਾਣੀ ਤੇ ਹੋਣ ਅਤੇ ਵਾਕ ਲਿਖ ਸਕਦੇ ਹੋਣ।**

5.3 **ਜਮਾਤ ਤੀਸਰੀ ਦੇ ਸਾਰੇ ਬੱਚੇ ਕਹਾਣੀ ਪੱਧਰ ਤੇ ਹੋਣ, ਕਿਤਾਬ 'ਚੋਂ ਕਿਸੇ ਵੀ ਪਾਠ ਨੂੰ ਬਿਨਾਂ ਅਟਕੇ ਪੜ੍ਹ ਸਕਦੇ ਹੋਣ ਅਤੇ ਵਾਕ ਲਿਖ ਸਕਦੇ ਹੋਣ।**

5.4 **ਜਮਾਤ ਚੌਥੀ ਅਤੇ ਪੰਜਵੀਂ ਦੇ ਸਾਰੇ ਬੱਚੇ ਕਹਾਣੀ ਪੜ੍ਹ ਸਕਦੇ ਹੋਣ। ਜਮਾਤ ਚੌਥੀ ਅਤੇ ਪੰਜਵੀਂ ਲਈ ਕਹਾਣੀ ਭਾਵ ਬੱਚੇ ਨੂੰ ਆਪਣੀ ਜਮਾਤ ਪੰਜਾਬੀ ਦੀ ਸਾਰੀ ਪਾਠ-ਪੁਸਤਕ ਪੜ੍ਹਨੀ ਆਉਂਦੀ ਹੋਵੇ। ਵਾਕ ਲਿਖ ਸਕਦੇ ਹੋਣ, ਇਸ ਤੋਂ ਇਲਾਵਾ ਇਸ ਮਹੀਨੇ ਦਾ ਪਾਠਕ੍ਰਮ ਵੀ ਪੂਰਾ ਕੀਤਾ ਹੋਣਾ ਚਾਹੀਦਾ ਹੈ।**

**6.0 ਪੰਜਾਬੀ ਦਾ ਟੀਚਾ ਪ੍ਰਾਪਤ ਕਰਨ ਲਈ ਅਧਿਆਪਕਾਂ ਵੱਲੋਂ ਹਰ ਰੋਜ਼ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣ :-**

6.1 ਸਕੂਲ ਦੇ ਹਰੇਕ ਬੱਚੇ ਨੂੰ ਮੁਹਾਰਨੀ ਯਾਦ ਹੋਵੇ।

6.2 ਸਾਰੇ ਬੱਚੇ ਖੱਬੇ ਤੋਂ ਸੱਜੇ, ਸੱਜੇ ਤੋਂ ਖੱਬੇ, ਉਪਰੋਂ ਹੇਠਾਂ, ਹੇਠਾਂ ਤੋਂ ਉਪਰ ਵੱਲ ਮੁਹਾਰਨੀ ਦਾ ਉਚਾਰਨ ਕਰ ਸਕਦੇ ਹੋਣ ਅਤੇ ਮੁਹਾਰਨੀ ਤੋਂ ਸ਼ਬਦ ਰਚਨਾ ਕਰਨੀ ਜਾਣਦੇ ਹੋਣ।

6.3 ਸ਼ਬਦਾਂ ਤੋਂ ਬੱਚਾ ਸਵੈ ਵਾਕ ਬਣਾਉਣੇ ਸਿੱਖੇ।

6.4 ਸਾਲ 2010 ਲਈ ਆਈ ਨਵੀਂ ਸਿੱਖਣ ਸਮੱਗਰੀ ਵਿਚੋਂ ਮੁਹਾਰਨੀ ਕਾਰਡ, ਅੱਖਰ ਕਾਰਡ, ਸ਼ਬਦ ਮਾਤਰਾ ਕਾਰਡ, ਪੈਰ੍ਹਾ ਕਾਰਡ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।

6.5 ਅੱਖਰਾਂ, ਸ਼ਬਦਾਂ ਅਤੇ ਵਾਕਾਂ ਦੀਆਂ ਵੱਧ ਤੋਂ ਵੱਧ ਖੇਡਾਂ ਕਰਵਾਈਆਂ ਜਾਣ। 6.6 ਪੰਜਾਬੀ ਭਾਸ਼ਾ ਦੇ ਅਧਿਆਪਕ ਮੈਨੂਅੱਲ ਵਿਚੋਂ ਅਭਿਆਸ ਪੈਟਰਨਾਂ ਦਾ ਅਭਿਆਸ ਬੱਚਿਆਂ ਨੂੰ ਵੱਧ ਤੋਂ ਵੱਧ ਕਰਵਾਇਆ ਜਾਵੇ।

6.7 ਪਾਠਕ੍ਰਮ ਮਹਿਲ ਵਿੱਚ ਹਰ ਰੋਜ਼ ਪੰਜਾਬੀ ਦਾ ਕੰਮ ਕਰਵਾਉਣ ਤੋਂ ਪਹਿਲਾਂ ਹਰੇਕ ਬੱਚੇ ਨੂੰ ਪੰਦਰਾਂ ਮਿੰਟ ਪੜ੍ਹਨ ਦਾ ਅਭਿਆਸ ਕਰਵਾਇਆ ਜਾਵੇ।

6.8 ਪੈਰਾ ਕਾਰਡ/ਕਹਾਣੀ ਕਾਰਡ ਅਤੇ ਪਾਠ ਪੁਸਤਕ ਪੜ੍ਹਨ ਦਾ ਅਭਿਆਸ ਹਰੇਕ ਬੱਚਾ ਕਰੇਗਾ।

6.9 ਆਓ ਸੋਚੀਏ, ਆਓ ਖੇਡੀਏ ਅਤੇ ਕਮਾਲ ਦੀ ਗਤੀਵਿਧੀਆਂ ਵੱਧ ਤੋਂ ਵੱਧ ਕਰਵਾਈਆਂ ਜਾਣ।

## 7.0 ਅੰਗਰੇਜ਼ੀ ਦਾ ਟੀਚਾ ਅਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ :-

7.1 ਪਹਿਲੀ ਜਮਾਤ ਨੂੰ ਛੇ ਹਫ਼ਤੇ ਤੱਕ ਦਾ ਮੈਨੂਅੱਲ ਤੋਂ ਕੰਮ ਕਰਵਾਇਆ ਜਾਵੇ ਅਤੇ ਸਾਰੇ ਬੱਚਿਆਂ ਨੂੰ ਅੱਖਰ ਪੜ੍ਹਨਾ ਆਉਂਦਾ ਹੋਵੇ। 100% **ਬੱਚੇ ਅੱਖਰ ਲਿਖ ਸਕਦੇ ਹੋਣ।ਪੰਜ ਰਾਇਮਜ਼ ਯਾਦ ਹੋਣ।**

7.2 ਦੂਸਰੀ ਜਮਾਤ ਨੂੰ ਅੱਠ ਹਫ਼ਤੇ ਤੱਕ ਦਾ ਮੈਨੂਅੱਲ ਤੋਂ ਕੰਮ ਕਰਵਾਇਆ ਜਾਵੇ ਅਤੇ ਸਾਰੇ ਬੱਚਿਆਂ ਨੂੰ ਅੱਖਰ ਪੜ੍ਹਨਾ ਆਉਂਦਾ ਹੋਵੇ। **100%** ਬੱਚਿਆਂ ਨੂੰ ਤਿੰਨ ਅੱਖਰੀ ਸ਼ਬਦ ਪੜ੍ਹਨਾ ਅਤੇ ਲਿਖਣਾ ਵੀ ਆਉਂਦਾ ਹੋਵੇ। ਪੰਜ ਰਾਇਮਜ਼ ਯਾਦ ਹੋਣ।

7.3 ਤੀਸਰੀ ਜਮਾਤ ਲਈ 12 ਹਫ਼ਤਿਆਂ ਤੱਕ ਦਾ ਮੈਨੂਅੱਲ ਤੋਂ ਕੰਮ ਕਰਵਾਇਆ ਜਾਵੇ ਅਤੇ ਸਾਰੇ ਬੱਚਿਆਂ ਨੂੰ ਤਿੰਨ ਅੱਖਰੀ ਸ਼ਬਦ ਪੜ੍ਹਨਾ ਆਉਂਦਾ ਹੋਵੇ। 100% ਬੱਚਿਆਂ ਨੂੰ ਵਾਕ ਪੜ੍ਹਨਾ ਤੇ 4 ਤੋਂ 6 ਅੱਖਰੀ ਸ਼ਬਦ ਲਿਖਣਾ ਵੀ ਆਉਂਦਾ ਹੋਵੇ।

7.4 ਚੌਥੀ ਅਤੇ ਪੰਜਵੀਂ ਜਮਾਤ ਮੈਨੂਅੱਲ ਦਾ 20ਵੇਂ ਹਫ਼ਤੇ ਤੱਕ ਦਾ ਕੰਮ ਕੀਤਾ ਜਾਵੇਗਾ ਇਸ ਵਿੱਚ ਹਰੇਕ ਬੱਚੇ ਨੂੰ ਸ਼ਬਦ ਪੜ੍ਹਨਾ ਅਤੇ ਲਿਖਣਾ ਆਉਂਦਾ ਹੋਵੇ ਅਤੇ 100% ਬੱਚਿਆਂ ਨੂੰ ਵਾਕ ਪੜ੍ਹਨਾ ਤੇ ਲਿਖਣਾ ਵੀ ਆਉਂਦਾ ਹੋਵੇ।

## 8.0 ਅੰਗਰੇਜ਼ੀ ਦਾ ਟੀਚਾ ਪ੍ਰਾਪਤ ਕਰਨ ਲਈ ਅਧਿਆਪਕਾਂ ਵੱਲੋਂ ਹਰ ਰੋਜ਼ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣ :-

8.1 ਇੰਟਰੋਡੱਕਸ਼ਨ ਤੋਂ ਵਿਸ਼ੇਸ਼ ਜ਼ੋਰ ਦਿੱਤਾ ਜਾਵੇ।ਹਰੇਕ ਬੱਚੇ ਨੂੰ ਸੈਲਫ਼ ਇੰਟਰੋਡੱਕਸ਼ਨ ਦੇ ਨਾਲ ਨਾਲ ਆਪਣੇ ਫਾਦਰ, ਮਦਰ ਅਤੇ ਸਕੂਲ ਬਾਰੇ ਵੀ ਇੰਟਰੋਡੱਕਸ਼ਨ ਲਾਜ਼ਮੀ ਆਉਂਦੀ ਹੋਵੇ।

8.2 ਬੱਚਿਆਂ ਨੂੰ ਵੱਧ ਤੋਂ ਵੱਧ ਰਾਇਮਜ਼ ਯਾਦ ਕਰਵਾਈਆਂ ਜਾਣ।

8.3 ਸਾਲ 2010 ਦੀ ਨਵੀਂ ਆਈ ਸਿੱਖਣ ਸਮੱਗਰੀ ਵਿਚੋਂ ਕੰਨਸੋਨੈਂਟ ਕਾਰਡ, ਵੋਵਲ ਕਾਰਡ, ਪੈਰ੍ਹਾ ਕਾਰਡ, ਪਿਕਚਰ ਕੋਮਪਰੀਹੈਨਸ਼ਨ ਕਾਰਡ, ਐਕਟੀਵਿਟੀ ਬੁੱਕਸ, ਪਿਕਚਰ ਵਰਡ ਬੁੱਕਸ ਆਦਿ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਅਤੇ ਇਹਨਾਂ ਤੋਂ ਬੱਚਿਆਂ ਨੂੰ ਵੱਧ ਤੋਂ ਵੱਧ ਗਤੀਵਿਧੀਆਂ ਕਰਵਾਈਆਂ ਜਾਣ।

8.4 ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਕਿ ਬੱਚੇ ਨੂੰ ਅੰਗਰੇਜ਼ੀ ਵਿੱਚ ਗੱਲ ਕਰਨ ਦੀ ਆਦਤ ਪਾਈ ਜਾਵੇ ਤਾਂ ਕਿ ਬੱਚੇ ਵੀ ਅੰਗਰੇਜ਼ੀ ਬੋਲਣ ਦੀ ਕੋਸ਼ਿਸ਼ ਕਰਨ।

8.5 ਅੰਗਰੇਜ਼ੀ ਦੇ ਪਾਠਕ੍ਰਮ ਲਈ ਹਰੇਕ ਸੋਮਵਾਰ ਨੂੰ ਪਾਠਕ੍ਰਮ 'ਚੋਂ ਪੜ੍ਹਨ ਦਾ ਕੰਮ ਕਰਵਾਇਆ ਜਾਵੇ।

8.6 ਹਰ ਜਮਾਤ ਵਿੱਚ ਵਰਡ ਪਿਟਾਰਾ ਲਾਜ਼ਮੀ ਤੌਰ ਤੇ ਬਣਿਆ ਹੋਵੇ ਤੇ ਇਸ ਦੀ ਵਰਤੋਂ ਵੱਧ ਤੋਂ ਵੱਧ ਕੀਤੀ ਜਾਵੇ।

9.0 ਟੀਚਾ ਪ੍ਰਾਪਤੀ ਲਈ ਅਧਿਆਪਕ ਇਕ ਪੱਧਰ ਜਾਂ ਦੋ ਪੱਧਰ ਪਿੱਛੇ ਰਹਿ ਰਹੇ ਬੱਚਿਆਂ ਵੱਲ ਹੀ ਫੋਕਸ ਕਰ ਰਿਹਾ ਹੈ। ਬਾਕੀ ਬੱਚਿਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਅਧਿਆਪਕਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬੱਚਿਆਂ ਦੀ ਪ੍ਰਗਤੀ ਲਈ ਸਾਰੇ ਪੱਧਰਾਂ ਤੇ ਧਿਆਨ ਦੇਣ।

10.0 ਅਧਿਆਪਕ ਚੌਥੀ, ਪੰਜਵੀਂ ਦੇ ਬੱਚਿਆਂ ਨੂੰ ਅੰਗਰੇਜ਼ੀ ਵੱਲ ਬਹੁਤ ਘੱਟ ਧਿਆਨ ਦੇ ਰਿਹਾ ਹੈ ਜਿਸ ਦਾ ਪੋਸਟ ਟੈਸਟ ਤੇ ਮਾੜਾ ਅਸਰ ਪਵੇਗਾ।

11.0 ਜਮਾਤ ਪਹਿਲੀ ਪੰਜਾਬੀ, ਜਮਾਤ ਤੀਸਰੀ ਅੰਗਰੇਜ਼ੀ, ਜਮਾਤ ਚੌਥੀ ਅਤੇ ਪੰਜਵੀਂ ਅੰਗਰੇਜ਼ੀ ਵਿਸ਼ੇ ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ।

12.0 ਫਰਵਰੀ ਮਹੀਨੇ ਦਾ ਪਹਿਲਾ ਹਫ਼ਤਾ ਆਰੰਭਿਕ ਨੂੰ ਤੋੜਨ ਲਈ ਮਨਾਇਆ ਜਾਣਾ ਹੈ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਬੀ.ਪੀ.ਈ.ਓਜ਼ ਅਤੇ ਪੜ੍ਹੋ ਪੰਜਾਬ ਦੀ ਟੀਮ ਬਕਾਇਦਾ ਮੁਨੀਟਰ ਕਰਨਗੇ।

13.0 7 ਫਰਵਰੀ ਤੱਕ ਕਿਸੇ ਵੀ ਵਿਸ਼ੇ 'ਚ ਕੋਈ ਵੀ ਬੱਚਾ ਆਰੰਭਿਕ ਤੇ ਨਹੀਂ ਹੋਣਾ ਚਾਹੀਦਾ। ਇਸ ਨੂੰ ਪੜ੍ਹੋ ਪੰਜਾਬ ਦੀ ਸਮੁੱਚੀ ਟੀਮ ਵਿਸ਼ੇਸ਼ ਤੌਰ ਤੇ ਮੁਨੀਟਰ ਕਰੇ।

14.0 ਜਮਾਤ ਅਨੁਸਾਰ ਲਿਖਾਈ ਦਾ ਟੀਚਾ ਪੂਰਾ ਕਰਨ ਲਈ ਡਿਕਟੇਸ਼ਨ ਤੇ ਜ਼ੋਰ ਦਿੱਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 7121 ਮਿਤੀ 28.01.2011

ਉਤਾਰਾ (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(ਵੈੱਬਸਾਇਟ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ